ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਪ੍ਰੈਕਟੀਕਲ ਸ਼ਾਖਾ

ਨੰ:.................................
ਮਿਤੀ:...........................

ਯੂਨੀਵਰਸਿਟੀ ਨਾਲ ਸਬੰਧਤ
ਬੀ.ਐਡ.ਕਾਲਜਾ ਦੇ ਪ੍ਰਿੰਸੀਪਲ ਸਾਹਿਬਾਨ,

ਵਿਸ਼ਾ: ਬੀ.ਐਡ. (ਸਮੈਸਟਰ ਤੀਜਾ) ਦਸੰਬਰ, 2016 ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਬੀ.ਐਡ. (ਸਕਿੱਲ ਇਨ ਟੀਚਿੰਗ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦਸੰਬਰ, 2016 ਤੋਂ ਸ਼ੁਰੂ ਹੋਣੀਆਂ ਹਨ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ, ਜੀ :-

1) ਇਹ ਯਕੀਨੀ ਬਣਾਇਆ ਜਾਵੇ ਕਿ ਸਕਿੱਲ-ਇਨ-ਟੀਚਿੰਗ ਦੇ ਸਾਰੇ ਵਿਦਿਆਰਥੀਆਂ ਦੇ ਗਰੁੱਪ ਇਸ ਅਨੁਸਾਰ ਬਣਾਏ ਜਾਣ ਤਾਂ ਕਿ ਸਾਰੀਆਂ ਸਕਿਲ-ਇਨ-ਟੀਚਿੰਗ ਦੀਆਂ ਪ੍ਰੀਖਿਆਵਾਂ 2-3 ਦਿਨਾਂ ਵਿਚ ਖਤਮ ਕੀਤੀਆਂ ਜਾ ਸਕਣ। ਜਿੱਥੇ ਵਿਦਿਆਰਥੀਆਂ ਦੀ ਗਿਣਤੀ 200 ਹੈ ਉੱਥੇ ਪ੍ਰੈਕਟੀਕਲ ਪ੍ਰੀਖਿਆਵਾਂ 6 ਦਿਨ ਚਲਣਗੀਆਂ ।
2) ਯੂਨੀਵਰਸਿਟੀ ਵਲੋਂ ਘੱਟੋ-ਘੱਟ ਦੋ ਪ੍ਰੀਖਿਅਕ ਨਿਯੁਕਤ ਕੀਤੇ ਜਾਣਗੇ ਅਤੇ ਇਕ ਅੰਦਰੂਨੀ ਪ੍ਰੀਖਿਅਕ ਸਬੰਧਤ ਕਾਲਜ ਦੇ ਪ੍ਰਿੰਸੀਪਲ ਵਲੋਂ ਬਾਹਰੋਂ ਆਈ ਪ੍ਰੀਖਿਅਕਾਂ ਦੀ ਟੀਮ ਵਿਚ ਸ਼ਾਮਿਲ ਕੀਤਾ ਜਾਵੇਗਾ।
3) ਇਕ/ਦੋ ਕਾਲਜਾਂ ਲਈ ਇਕ ਕੋ-ਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ, ਜੋ ਕਿ ਪ੍ਰੀਖਿਆਵਾਂ ਦੇ ਠੀਕ ਸੰਚਾਲਨ ਦੀ ਦੇਖਭਾਲ ਕਰੇਗਾ।

ਵਿਸ਼ਵਾਸਪਾਤਰ

8/12
ਡਿਪਟੀ ਰਜਿਸਟਰਾਰ (ਪ੍ਰੈਕਟੀਕਲ)

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਪ੍ਰੈਕਟੀਕਲ ਸ਼ਾਖਾ

### ਬੀ.ਐਡ.ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਜਰੂਰੀ ਹਦਾਇਤਾਂ

1) ਇਸ ਸਾਲ ਦਸੰਬਰ, 2016 ਵਿਚ ਲੱਗ-ਭਗ 94 ਕਾਲਜਾਂ ਵਿਖੇ ਬੀ.ਐਡ. (ਸਕਿਲ-ਇਨ-ਟੀਚਿੰਗ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਈਆਂ ਜਾ ਰਹੀਆਂ ਹਨ। ਇਸ ਸਾਲ ਵੀ ਹਰ ਇਕ ਕਾਲਜ ਵਿਚ 2-3 ਬਾਹਰਲੇ ਪ੍ਰੀਖਿਅਕਾਂ ਦੀ ਟੀਮ ਬਣਾ ਕੇ ਭੇਜੀ ਜਾ ਰਹੀ ਹੈ। ਇਸ ਟੀਮ ਦੇ ਨਾਲ ਕਾਲਜ ਦੇ ਪ੍ਰਿੰਸੀਪਲ ਵਲੋਂ ਇੱਕ ਅੰਦਰੂਨੀ ਪ੍ਰੀਖਿਅਕ ਵੀ ਸ਼ਾਮਲ ਹੋਵੇਗਾ। ਇਹ ਸਾਰੇ ਪ੍ਰੀਖਿਅਕ ਸਾਰੇ ਵਿਸ਼ਿਆਂ ਦੇ ਵਿਦਿਆਰਥੀਆਂ ਦੀ ਸਕਿਲ-ਇਨ-ਟੀਚਿੰਗ ਦੀ ਪ੍ਰੈਕਟੀਕਲ ਪ੍ਰੀਖਿਆ ਕੰਡਕਟ ਕਰਨਗੇ। ਇਕ ਜਾਂ ਦੋ ਕਾਲਜਾਂ ਲਈ ਨਿਯੁਕਤ ਕੀਤਾ ਗਿਆ ਕੋ-ਆਰਡੀਨੇਟਰ ਪ੍ਰੀਖਿਅਕਾਂ ਦੀ ਟੀਮ ਨੂੰ ਪ੍ਰੀਖਿਆਵਾਂ ਕੰਡਕਟ ਕਰਨ ਲਈ ਹਦਾਇਤਾਂ ਦੇਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀਆਂ ਦੇ ਅੰਕਾਂ ਵਿਚ ਇਕਸਾਰਤਾ ਬਣਾਈ ਜਾ ਸਕੇ।

2) ਇਹ ਵੇਖਣ ਵਿਚ ਆਇਆ ਹੈ ਕਿ ਕਈ ਵਿਦਿਆਰਥੀਆਂ ਦੇ ਪ੍ਰੈਕਟੀਕਲ ਅਤੇ ਥਿਊਰੀ ਦੀ ਪਰਫਾਰਮੈਂਸ (performance) ਵਿਚ ਬਹੁਤ ਜਿਆਦਾ ਅੰਤਰ ਹੁੰਦਾ ਹੈ। ਭਾਵ ਕਿ ਥਿਊਰੀ ਵਿਚ ਵਿਦਿਆਰਥੀ ਫੇਲ੍ਹ ਹੁੰਦੇ ਹਨ ਜਾਂ 40-50 ਪ੍ਰਤੀਸ਼ਤ ਅੰਕ ਪ੍ਰਾਪਤ ਕਰਦੇ ਹਨ, ਪ੍ਰੰਤੂ ਉਨ੍ਹਾਂ ਦੇ ਪ੍ਰੈਕਟੀਕਲਾਂ ਵਿਚ 75-80 ਪ੍ਰਤੀਸ਼ਤ ਅੰਕ ਆਉਂਦੇ ਹਨ। ਕਿਸੇ-ਕਿਸੇ ਕੇਸ ਵਿਚ ਤਾਂ ਇਹ ਅੰਕ 90 ਪ੍ਰਤੀਸ਼ਤ ਵੀ ਦੇਖੇ ਜਾਂਦੇ ਹਨ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਇਕ ਵਿਦਿਆਰਥੀ ਦੀ ਪਰਫਾਰਮੈਂਸ (performance) ਨੂੰ ਚੰਗੀ ਤਰ੍ਹਾਂ ਘੋਖ ਕੇ ਅਤੇ ਉਸ ਦੀ ਯੋਗਤਾ ਨੂੰ ਮੁੱਖ ਰੱਖਕੇ ਅੰਕ ਦਿੱਤੇ ਜਾਣ। ਜੇਕਰ ਕੋਈ ਵਿਦਿਆਰਥੀ ਫੇਲ੍ਹ ਹੁੰਦਾ ਹੈ ਜਾਂ ਕਿਸੇ ਦੇ ਅੰਕ 80 ਪ੍ਰਤੀਸ਼ਤ ਤੋਂ ਜਿਆਦਾ ਆਉਂਦੇ ਹਨ, ਉਸ ਕੇਸ ਵਿਚ ਕੋ-ਆਰਡੀਨੇਟਰ ਖਾਸ ਤੌਰ ਤੇ ਆਪਣੇ ਪੱਧਰ ਤੇ ਵਿਦਿਆਰਥੀਆਂ ਨੂੰ ਚੈਕ ਕਰ ਲੈਣ।

3) ਹਰ ਇਕ ਕੋ-ਆਰਡੀਨੇਟਰ ਨੂੰ 2-3 ਪ੍ਰੀਖਿਅਕਾਂ ਦੀ ਲਿਸਟ ਨੱਥੀ ਕੀਤੀ ਜਾ ਰਹੀ ਹੈ। ਕੋ-ਆਰਡੀਨੇਟਰ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਹਰ ਇਕ ਪ੍ਰੀਖਿਅਕ ਅਤੇ ਸਬੰਧਤ ਕਾਲਜ ਦੇ ਪ੍ਰਿੰਸੀਪਲ ਨਾਲ ਸੰਪਰਕ ਕਰ ਲੈਣ। ਜੇਕਰ ਕੋਈ ਪ੍ਰੀਖਿਅਕ ਨਹੀਂ ਪਹੁੰਚਦਾ ਜਾਂ ਪ੍ਰੀਖਿਅਕ ਦੀ ਘਾਟ ਮਹਿਸੂਸ ਹੁੰਦੀ ਹੈ ਤਾਂ ਕੋ-ਆਰਡੀਨੇਟਰ ਵਲੋਂ ਇਸ ਸਬੰਧੀ ਸੂਚਨਾ ਨਿਗਰਾਨ (ਪ੍ਰੈਕਟੀਕਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਦਿੱਤੀ ਜਾਵੇ।

4) ਹਰੇਕ ਕੋ-ਆਰਡੀਨੇਟਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਵਿਸ਼ੇ ਦੀ ਵੱਖਰੀ-ਵੱਖਰੀ ਅਵਾਰਡ ਲਿਸਟ ਬਣਾਈ ਜਾਵੇ ਅਤੇ ਉਸ ਤੇ ਸਾਰੇ ਪ੍ਰੀਖਿਅਕਾਂ, ਅੰਦਰੂਨੀ ਪ੍ਰੀਖਿਅਕ ਅਤੇ ਕੋ-ਆਰਡੀਨੇਟਰ ਦੇ ਹਸਤਾਖਰ ਹੋਣਗੇ। ਅਵਾਰਡ ਲਿਸਟ ਮੋਹਰ ਬੰਦ ਲਿਫਾਫੇ ਵਿਚ ਸੀਲ ਕਰਕੇ ਡਿਪਟੀ ਰਜਿਸਟਰਾਰ (ਸੀਕਰੇਸੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸੱਤ ਦਿਨ ਦੇ ਅੰਦਰ-ਅੰਦਰ ਪਹੁੰਚਾਣ ਦੀ ਜਿੰਮੇਵਾਰੀ ਕੋ-ਆਰਡੀਨੇਟਰ ਦੀ ਹੋਵੇਗੀ। ਸਾਰੇ ਪ੍ਰੀਖਿਅਕਾਂ ਤੋਂ ਸੇਵਾਫਲ ਬਿਲ ਅਤੇ ਟੀ.ਏ ਬਿਲ ਭਰਵਾ ਕੇ ਨਿਗਰਾਨ (ਪ੍ਰੈਕਟੀਕਲ) ਦਫਤਰ ਨੂੰ ਭੇਜੇ ਜਾਣ।

ਨੋਟ: ਪ੍ਰੀਖਿਅਕਾਂ ਵਲੋਂ ਭਰੇ ਗਏ ਟੀ.ਏ. ਬਿਲਾਂ ਤੇ ਪ੍ਰੀਖਿਅਕ ਦਾ ਮੋਬਾਇਲ ਨੰਬਰ, ਬੈਂਕ ਦਾ ਅਕਾਊਂਟ ਨੰਬਰ, ਬੈਂਕ ਦਾ ਨਾਮ / ਸਥਾਨ ਅਤੇ ਬੈਂਕ ਦਾ ਆਈ. ਐਫ. ਐਸ. ਸੀ. ਕੋਡ ਨੰਬਰ ਜ਼ਰੂਰ ਭਰਿਆ ਜਾਵੇ, ਜੀ।

ਕੰਟਰੋਲਰ (ਪ੍ਰੀਖਿਆਵਾਂ)

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
(ਪ੍ਰੈਕਟੀਕਲ ਸ਼ਾਖਾ)

ਨੰ:................................
ਮਿਤੀ..........................

ਯੂਨੀਵਰਸਿਟੀ ਨਾਲ ਸਬੰਧਤ
ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,

ਵਿਸ਼ਾ : ਬੀ.ਐਡ. (ਸਮੈਸਟਰ ਤੀਜਾ), ਦਸੰਬਰ, 2016 ਸਕਿਲ-ਇਨ-ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਬੀ.ਐਡ. (ਸਮੈਸਟਰ ਤੀਜਾ) ਸਕਿਲ-ਇਨ-ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਮਿਤੀ 15-12-2016 ਤੋ ਸੁਰੂ ਹੋ ਰਹੀਆਂ ਹਨ, ਇਸ ਸਬੰਧੀ ਇਹ ਯਕੀਨੀ ਬਣਾਇਆ ਜਾਵੇ ਕਿ ਇੱਕੋਂ ਸਮੇਂ ਵਿਚ 4-5 ਕਲਾਸਾਂ ਲਗਣੀਆਂ ਚਾਹੀਦੀਆਂ ਹਨ ਅਤੇ ਇਕ ਦਿਨ ਦੇ ਵਿਚ ਅੱਧੇ-ਅੱਧੇ ਘੰਟੇ ਦੇ ਘੱਟੋ-ਘੱਟ 10 ਪੀਰੀਅਡ ਲੱਗਣੇ ਚਾਹੀਦੇ ਹਨ, ਤਾਂ ਜੋ ਪ੍ਰੀਖਿਆਵਾਂ ਦੋ ਜਾਂ ਤਿੰਨ ਦਿਨਾਂ ਦੇ ਅੰਦਰ-ਅੰਦਰ ਖਤਮ ਕੀਤੀਆਂ ਜਾ ਸਕਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਲਾਸਾਂ ਇੱਕੋ ਹੀ ਥਾਂ ਤੇ ਲੱਗਣ (ਆਪ ਦੇ ਕਾਲਜ ਵਿਚ ਜਾਂ ਕਿਸੇ ਇੱਕੋ ਹੀ ਸਕੂਲ ਵਿਚ) ਤਾਂ ਜੋ ਬਾਹਰੋ ਆਏ ਪ੍ਰੀਖਿਅਕਾਂ ਨੂੰ ਪ੍ਰੀਖਿਆਵਾਂ ਕੰਡਕਟ ਕਰਨ ਵਿਚ ਕਿਸੇ ਕਿਸਮ ਦੀ ਔਕੜ ਪੇਸ਼ ਨਾ ਆਵੇ ।

ਧੰਨਵਾਦ ਸਹਿਤ,

ਵਿਸ਼ਵਾਸਪਾਤਰ

8/12/16

ਡਿਪਟੀ ਰਜਿਸਟਰਾਰ (ਪ੍ਰੈਕਟੀਕਲ)